## ਫੁੱਟਬਾਲ 'ਚ ਪ੍ਰਤਿਭਾਵਾਂ ਦੀ ਪਛਾਣ ਲਈ ਟਾਟਾ ਟੀ ਤੇ ਮਿਲਾਨ ਦੀ ਪਹਿਲ

# ਇੰਟਰ ਮਿਲਾਨ ਸਾਕਰ ਜ਼ੋਨਲ ਟੂਰਨਾਮੈਂਟ ਲੁਧਿਆਣਾ 'ਚ

**ਪੱਤਰ ਪ੍ਰੇਰਕ, ਲੁਧਿਆਣਾ** : ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਚਾਹ ਕੰਪਨੀ ਟਾਟਾ ਗਲੋਬਲ ਬੇਵਰੇਜੇਸ ਲਿਮਟਿਡ 19 ਅਤੇ 20 ਜਨਵਰੀ 2012 ਨੂੰ ਲੁਧਿਆਣਾ 'ਚ ਆਪਣੇ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ 2012 ਦੇ 5ਵੇਂ ਭਾਗ ਤੋਂ ਪਰਦਾ ਉਠਾਏਗਾ। ਇਸ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਮੋਤੀ ਨਗਰ ਸਟੇਡਿਅਮ, ਸੈਕਟਰ -32, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਜਾਵੇਗਾ। ਭਾਰਤ 'ਚ ਅੰਡਰ-15 ਫੁੱਟਬਾਲ ਟੇਲੈਂਟ ਖੋਜ ਦੀ ਦੇਣ ਟਾਟਾ ਟੀ ਨੂੰ ਜਾਂਦੀ ਹੈ। ਕੰਪਨੀ ਨਾਮੀ ਫੁੱਟਬਾਲ ਕਲੱਬ ਐਫਸੀ ਇੰਟਰਨੇਜ਼ਿਓਨੇਲ ਮਿਲਾਨੋ (ਇੰਟਰ ਮਿਲਾਨ) ਦੇ ਨਾਲ ਮਿਲ ਕੇ ਇਸ ਦਾ ਆਯੋਜਨ ਕਰ ਰਹੀ ਹੈ।

ਲੁਧਿਆਣਾ 'ਚ ਆਯੋਜਤ ਹੋਣ ਵਾਲੇ ਇਸ 2 ਦਿਨਾਂ ਟੂਰਨਾਮੈਂਟ 'ਚ 32 ਸਕੂਲਾਂ ਦੇ 350 ਤੋਂ ਜ਼ਿਆਦਾ ਬੱਚੇ ਭਾਗ ਲੈਣਗੇ। ਇਸ 'ਚ ਜਿੱਤਣ ਵਾਲੀ ਟੀਮ ਸ਼ਿਲਾਂਗ 'ਚ ਹੋਣ ਵਾਲੀ ਰਾਸ਼ਟਰੀ ਚੈਂਪੀਅਨਸ਼ਿਪ ਦੇ ਲਈ ਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਚੁਣੀਆਂ ਗਈਆਂ 14 ਹੋਰ ਟੀਮਾਂ ਦੇ ਨਾਲ ਭਿੜੇਗੀ। ਟੂਰਨਾਮੈਂਟ ਦੇ ਹੈਡ ਸਕਾਊਟ ਜਮਸ਼ੇਦ ਨਾਸਿਰੀ ਇਸ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਿਹਾ ਹੈ ਤਾਂ ਕਿ ਇਸ ਖੇਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਹੋ ਸਕੇ। ਲਗਭਗ 15 ਖੇਤਰਾਂ ਦੇ 30 ਅਸਾਧਾਰਨ ਪ੍ਰਤਿਭਾ ਵਾਲੇ ਬੱਚਿਆਂ ਨੂੰ ਇੰਟਰ ਮਿਲਾਨ ਅਤੇ ਭਾਰਤੀ ਕੋਚਾਂ ਵਲੋਂ ਕੋਚਿੰਗ ਦਿੱਤੀ ਜਾਵੇਗੀ। ਇਸ 'ਚ 16 ਬੱਚਿਆਂ ਨੂੰ ਮਿਲਾਨ ਦੇ ਲਈ ਚੁਣਿਆ ਜਾਵੇਗਾ ਜਿਥੇ ਉਹ ਇੰਟਰਨਲ ਯੂਥ ਫ੍ਰੈਂਡਲੀ ਟੂਰਨਾਮੈਂਟ 'ਚ ਭਾਰਤ ਦੀ ਅਗਵਾਈ ਕਰਨਗੇ।

> **'ਟਾਟਾ ਟੀ ਜਾਗੋ ਰੇ' ਸਾਕਰ**
>
> - **2 ਦਿਨਾਂ ਟੂਰਨਾਮੈਂਟ 'ਚ 32 ਤੋਂ ਜ਼ਿਆਦਾ ਸਕੂਲਾਂ ਦੀਆਂ ਟੀਮਾਂ ਭਾਗ ਲੈਣਗੀਆਂ**

ਟਾਟਾ ਟੀ ਦੇ ਰਿਜ਼ਨਲ ਪ੍ਰੈਸੀਡੈਂਟ (ਸਾਊਥ ਏਸ਼ੀਆ) ਸੰਜੀਵ ਸਰੀਨ ਨੇ ਕਿਹਾ ਕਿ ਟਾਟਾ ਟੀ ਸਾਕਰ ਸਟਾਰਜ਼ ਪ੍ਰੋਗਰਾਮ ਦੇ ਸ਼ੁਰੂਆਤ ਤੋਂ ਬਾਅਦ ਕਈ ਮੋੜ ਆਏ ਹਨ। ਇਸ ਨੂੰ ਪਾਰ ਕਰਦੇ ਹੋਏ ਇਹ ਈਵੈਂਟ ਜ਼ਮੀਨੀ ਪੱਧਰ 'ਤੇ ਦੇਸ਼ ਦਾ ਸਭ ਤੋਂ ਵਪਾਰਕ ਫੁੱਟਬਾਲ ਡਿਵੈਲਪਮੈਂਟ ਪ੍ਰੋਗਰਾਮ ਬਣ ਚੁੱਕਿਆ ਹੈ। ਇਸ ਸਾਲ ਦਾ ਟਾਟਾ ਟੀ ਸਾਕਰ ਸਟਾਰਜ਼ ਪ੍ਰੋਗਰਾਮ ਵਿਸ਼ਵ ਦੇ ਸਫਲ ਫੁੱਟਬਾਲ ਕਲੱਬ ਐਫਸੀ ਇੰਟਰਜਿਓਨੇਲ ਮਿਲਾਨੋ ਦੇ ਨਾਲ ਇਤਿਹਾਸਕ ਕਰਾਰ ਦੇ ਜ਼ਰੀਏ ਨਵੇਂ ਤਰੀਕੇ ਅਤੇ ਤਜਰਬੇ ਜੋੜ ਰਿਹਾ ਹੈ।